# <u>ਵਜੀਫਾ ਸਾਖਾ ਦੀ ਸੂਚਨਾਂ</u>

**(ੳ) ਐਸ.ਸੀ.**

ਐਸ.ਸੀ. ਵਿਦਿਆਰਥੀਆਂ ਨੂੰ ਲਾਭ ਦੇਣ ਲਈ ਹੇਠ ਲਿਖੀਆਂ ਸਕੀਮਾਂ ਚਲਦੀਆਂ ਹਨ:-

1. <u>ਪੋਸਟ ਮੈਟ੍ਰਿਕ ਵਜੀਫਾ ਸਕੀਮ</u>

ਇਸ ਸਕੀਮ ਅਧੀਨ 1●+1 ਅਤੇ 1●+2 ਅਤੇ ਈ.ਟੀ.ਟੀ. ਡਿਪਲੋਮਾ ਕੋਰਸਾਂ ਵਿੱਚ ਪੜਦੇ ਐਸ.ਸੀ. ਵਿਦਿਆਰਥੀਆਂ ਨੂੰ ਜਿੰਨਾਂ ਦੇ ਮਾਪਿਆਂ ਦੀ ਸਲਾਨਾ ਆਮਦਨ ਇੱਕ ਲੱਖ ਰੁਪਏ ਤੋਂ ਘੱਟ ਹੋਵੇ ਨੂੰ 14● ਰੁਪਏ ਪ੍ਰਤੀ ਮਹੀਨਾ ਵਜੀਫਾ ਦਿੱਤਾ ਜਾਂਦਾ ਹੈ ਅਤੇ ਇਸ ਤੋਂ ਇਲਾਵਾ ਵਿਦਿਆਰਥੀਆਂ ਵੱਲੋਂ ਦਿੱਤੇ ਹੋਏ ਸਲਾਨਾ ਸਕੂਲ ਫੰਡ ਅਤੇ 1●+2 ਜਮਾਤ ਦੇ ਵਿਦਿਆਰਥੀਆਂ ਦੀ ਪ੍ਰੀਖਿਆ ਫੀਸ ਵੀ ਮੋੜੀ ਜਾਦੀ ਹੈ ।

2. <u>ਰਾਜ ਵਿਦਿਅਕ ਭਲਾਈ ਸਕੀਮ</u>

ਇਸ ਸਕੀਮ ਅਧੀਨ 6ਵੀਂ ਤੋਂ 1●ਵੀਂ ਤੱਕ ਦੇ ਐਸ.ਸੀ. ਵਿਦਿਆਰਥੀਆਂ ਨੂੰ ਜਿਹਨਾਂ ਦੇ ਮਾਪਿਆਂ ਦੀ ਸਲਾਨਾ ਆਮਦਨ 5●,●●●/-ਰੁਪਏ ਤੋਂ ਘੱਟ ਹੋਵੇ ਨੂੰ ਹੇਠ ਲਿਖੇ ਅਨੁਸਾਰ ਵਜੀਠਾ ਦਿੱਤਾ ਜਾਂਦਾ ਹੈ:-

| ਕਲਾਸ | ਰੇਟ |
|---|---|
| 6ਵੀਂ ਤੋਂ 8ਵੀਂ | 3●/-ਰੁਪਏ ਪ੍ਰਤੀ ਮਹੀਨਾ ਮੁੰਡੇ,<br>4●/-ਰੁਪਏ ਪ੍ਰਤੀ ਮਹੀਨਾ ਕੁੜੀਆਂ |
| 9ਵੀਂ ਤੋਂ 1●ਵੀਂ | ਫਸਟ ਡਵੀਜਨ 6●/-ਰੁਪਏ ਪ੍ਰਤੀ ਮਹੀਨਾ ਥਰਡ ਡਵੀਜਨ 5●/-ਰੁਪਏ ਪ੍ਰਤੀ ਮਹੀਨਾ |

3. <u>ਐਸ.ਸੀ. ਹੋਣਹਾਰ ਵਿਦਿਆਰਥੀਆਂ ਲਈ ਵਜੀਫਾ</u>

ਇਸ ਸਕੀਮ ਅਧੀਨ ਜਿਹੜੇ ਐਸ.ਸੀ. ਵਿਦਿਆਰਥੀ 5ਵੀਂ, 8ਵੀਂ ਅਤੇ 1●ਵੀਂ ਦੀਆਂ ਪ੍ਰੀਖਿਆਵਾਂ ਵਿੱਚੋਂ ਹਰ ਵਿਦਿਅਕ ਬਲਾਕ ਵਿੱਚ 3 ਲੜਕੇ ਅਤੇ 3 ਲੜਕੀਆਂ ਜੋ ਫਸਟ ਸੈਕਿੰਗ ਅਤੇ ਥਰਡ ਆਉਦੇ ਹਨ ਨੂੰ ਛੇਵੀਂ ਤੋਂ ਲੈ ਕੇ ਬਾਹਰਵੀਂ ਤੱਕ ਲਗਾਤਾਰ 3 ਸਾਲ , 2 ਸਾਲ, 2 ਸਾਲ 1●●/-ਰੁਪਏ ਪ੍ਰਤੀ ਵਿਦਿਆਰਥੀ, ਪ੍ਰਤੀ ਮਹੀਨਾ ਦੀ ਦਰ ਨਾਲ ਵਜੀਫਾ ਦਿੱਤਾ ਜਾਂਦਾ ਹੈ। ਇਸ ਸਕੀਮ ਲਈ ਕੋਈ ਆਮਦਨ ਹੱਦ ਨਹੀਂ ਹੈ। ਇਸ ਸਕੀਮ ਦੇ ਜਿਲਾ ਸਿਖਿਆ ਅਫਸਰ (ਸੈ:ਸਿ:) ਡੀ.ਡੀ.ਓ. ਹਨ ।

4. <u>ਮਲੀਨ ਧੰਦਾ ਕਰਨ ਵਾਲੇ ਮਾਪਿਆਂ ਦੇ ਬੱਚਿਆਂ ਨੂੰ ਪ੍ਰੀ-ਮੈਟ੍ਰਿਕ ਵਜੀਫਾ ਸਕੀਮ:-</u>

ਇਸ ਸਕੀਮ ਅਧੀਨ ਮਲੀਨ ਕਿੱਤਾ ਕਰਨ ਵਾਲੇ ਮਾਪਿਆਂ ਦੇ ਬੱਚਿਆਂ ਨੂੰ ਹੇਠ ਲਿਖੇ ਅਨੁਸਾਰ ਵਜੀਫਾ ਅਤੇ ਐਡਹਾਕ ਗਰਾਂਟ ਦਿੱਤੀ ਜਾਂਦੀ ਹੈ:-

| ਕਲਾਸ | ਰੇਟ |
|---|---|
| 6ਵੀਂ ਤੋਂ 8ਵੀਂ | 6●/-ਰੁਪਏ ਪ੍ਰਤੀ ਮਹੀਨਾ (ਕੇਵਲ 1● ਮਹੀਨਿਆਂ ਲਈ) |
| 9ਵੀਂ ਤੋਂ 1●ਵੀਂ | 75/-ਰੁਪਏ ਪ੍ਰਤੀ ਮਹੀਨਾ (ਕੇਵਲ 1● ਮਹੀਨਿਆਂ ਲਈ) |

ਵਜੀਫਾ ਦੀ ਰਕਮ ਤੋਂ ਇਲਾਵਾ 55●/-ਰੁਪਏ ਸਲਾਨਾ ਐਡਹਾਕ ਗਰਾਂਟ ਵੀ ਦਿੱਤੀ ਜਾਂਦੀ ਹੈ। ਇਸ ਸਕੀਮ ਅਧੀਨ ਕੋਈ ਆਮਦਨ ਹੱਦ ਨਹੀਂ ਹੈ।

ਅ) ਲੜਕੀਆਂ

5. **ਪੋਸਟ ਮੈਟ੍ਰਿਕ ਐਸ.ਸੀ. ਲੜਕੀਆਂ ਨੂੰ ਸਪੈਸਲ ਗਰਾਂਟ ਦੇਣ ਦੀ ਸਕੀਮ**

ਇਸ ਸਕੀਮ ਅਧੀਨ 1●+1, 1●+2 ਅਤੇ ਈ.ਟੀ.ਟੀ. ਦੇ ਡਿਪਲੋਮਾ ਕੋਰਸਾਂ ਵਿੱਚ ਪੜਦੀਆਂ ਐਸ.ਸੀ. ਲੜਕੀਆਂ ਨੂੰ ਜਿਹਨਾਂ ਦੇ ਮਾਪਿਆਂ ਦੀ ਆਮਦਨ 6●865/-ਰੁਪਏ ਹੈ ਨੂੰ 5●/-ਰੁਪਏ ਪ੍ਰਤੀ ਮਹੀਨਾ ਵਜੀਫਾ ਦਿੱਤਾ ਜਾਂਦਾ ਹੈ ।

6. **ਡੀ. ਨੋਟੀਫਾਈਡ ਕਬੀਲੇ (ਵਿਮੁਕਤ ਜਾਤੀਆਂ)**

ਇਸ ਸਕੀਮ ਵਿੱਚ 6ਵੀ ਤੋ 1●ਵੀਂ ਕਲਾਸ ਵਿੱਚ ਪੜ ਰਹੇ ਵਿਦਿਆਰਥੀਆਂ ਨੂੰ ਵਜੀਫੇ ਦਿਤੇ ਜਾਦੇ ਹਨ ਜਿਨਾ ਦੇ ਮਾਪਿਆਂ ਦੀ ਸਲਾਨਾ ਆਮਦਨ ਹੇਠ ਲਿਖੇ ਅਨੁਸਾਰ ਹੈ :-

ਆਮਦਨ

| | | |
|---|---|---|
| 1. | ਅਨੁਸੂਚਿਤ ਜਾਤੀਆਂ ਲਈ | 5●,●●●/- |
| 2. | ਪਛੜੀਆਂ ਸ੍ਰੇਣੀਆਂ ਲਈ | 24,●●●/- |

**ਵਿਮੁਕਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਹੇਠ ਲਿਖੇ ਅਨੁਸਾਰ ਰੇਟ ਦਿਤੇ ਜਾਂਦੇ ਹਨ:-**

| | | |
|---|---|---|
| 1. | 6ਵੀ ਤੋਂ 8ਵੀ ਕਲਾਸ | 3●/- ਰੁਪਏ ਪ੍ਰਤੀ ਮਹੀਨਾ ਫਾਰ ਐਸ.ਸੀ / ਬੀ.ਸੀ ਵਿਦਿਆਰਥੀ ਲੜਕੇ |
| 2. | 6ਵੀ ਤੋਂ 8ਵੀ ਕਲਾਸ | 4●/- ਰੁਪਏ ਪ੍ਰਤੀ ਮਹੀਨਾ ਫਾਰ ਐਸ.ਸੀ / ਬੀ.ਸੀ ਵਿਦਿਆਰਥੀ ਲੜਕੀਆਂ |

## ਮੈਜਰ ਹੈੱਡ "22●2-ਸਿਖਿਆ -2 ਸੈਕੰਡਰੀ ਸਿਖਿਆ-1●7 ਵਜੀਫਾ (ਨਾਨ ਪਲਾਨ) " ਦੀਆਂ ਸਕੀਮਾਂ

### 1. ਸੈਨਿਕ ਸਕੂਲ ਕਪੂਰਥਲਾ ਅਤੇ ਪੰਜਾਬ ਪਬਲਿਕ ਸਕੂਲ , ਨਾਭਾ ਦੇ ਵਿਦਿਆਰਥੀਆਂ ਨੂੰ ਵਜੀਫਾ ਦੇਣ ਦੀ ਸਕੀਮ

ਪੰਜਾਬ ਸਰਕਾਰ ਵੱਲੋਂ ਸੈਨਿਕ ਸਕੂਲ ਕਪੂਰਥਲਾ ਅਤੇ ਪੰਜਾਬ ਪਬਲਿਕ ਸਕੂਲ, ਨਾਭਾ ਵਿਖੇ 6ਵੀਂ ਤੋਂ 12ਵੀਂ ਜਮਾਤ ਵਿੱਚ ਪੜਨ ਵਾਲੇ ਪੰਜਾਬ ਵਿਦਿਆਰਥੀਆਂ ਨੂੰ ਹੇਠ ਲਿਖੇ ਰੇਟਾਂ ਅਨੁਸਾਰ ਅਤੇ ਮਾਪਿਆਂ ਦੀਆਂ ਸਾਲਾਨਾ ਆਮਦਨ ਹੱਦਾਂ ਦੇ ਅਧਾਰ ਤੇ ਵਜੀਫਾ ਦਿੱਤਾ ਜਾਂਦਾ ਹੈ।

**(ੳ) ਸੈਨਿਕ ਸਕੂਲ ਕਪੂਰਥਲਾ** **w.e.f. 2004-05**

| | ਮਾਪਿਆਂ ਦੀ ਸਾਲਾਨਾ ਆਮਦਨ ਹੱਦ | ਰੇਟਸ (ਸਾਲਾਨਾ) |
|---|---|---|
| 1. | 96,●●●/-ਤੱਕ | 26,●●●/-ਰੁਪਏ |
| 2. | 1,2●,●●●/-ਤੱਕ | 19,5●●/-ਰੁਪਏ |
| 3. | 1,44,●●●/- ਤੱਕ | 13,●●●/-ਰੁਪਏ |
| 4. | 1,8●,●●●/- ਤੱਕ | 7,5●●/-ਰੁਪਏ |

**(ਅ) ਸੈਨਿਕ ਸਕੂਲ ਪਬਲਿਕ ਸਕੂਲ ਨਾਭਾ** **w.e.f. 2005-06**

| | ਮਾਪਿਆਂ ਦੀ ਸਾਲਾਨਾ ਆਮਦਨ ਹੱਦ | ਰੇਟਸ (ਸਾਲਾਨਾ) |
|---|---|---|
| 1. | 96,●●●/-ਤੱਕ | 26,●●●/-ਰੁਪਏ |
| 2. | 1,2●,●●●/-ਤੱਕ | 19,5●●/-ਰੁਪਏ |
| 3. | 1,44,●●●/- ਤੱਕ | 13,●●●/-ਰੁਪਏ |
| 4. | 1,8●,●●●/- ਤੱਕ | 7,5●●/-ਰੁਪਏ |

ਵਜੀਫਾ ਤੋਂ ਇਲਾਵਾ ਹਰ ਵਿਦਿਆਰਥੀ ਨੂੰ ਪਹਿਲੇ ਸਾਲ 5●●/-ਰੁਪਏ ਕੱਪੜਾ ਅਲਾਊਂਸ ਵੀ ਦਿੱਤਾ ਜਾਂਦਾ ਹੈ। ਅਗਲੇ ਸਾਲ ਲਈ ਕੱਪੜਾ ਅਲਾਊਂਸ 25●/-ਰੁਪਏ ਪ੍ਰਤੀ ਸਾਲ ਦਿੱਤਾ ਜਾਂਦਾ ਹੈ ।

ਵਜੀਫਿਆਂ ਦੇ ਕਲੇਮਾਂ ਦੀਆਂ ਮੰਜੂਰੀਆਂ ਡਾਇਰੈਕਟੋਰੇਟ ਜਾਰੀ ਕਰਦਾ ਹੈ ਅਤੇ ਮੰਜੂਰੀਆਂ ਦੇ ਆਧਾਰ ਤੇ ਖਜਾਨੇ ਵਿੱਚੋਂ ਰਕਮ ਖਕਵਾਕੇ ਬੈਂਕ ਡਰਾਫਟ ਬਣਾਕੇ ਸਬੰਧਤ ਪ੍ਰਿੰਸੀਪਲ/ਹੈਡਮਾਸਟਰਾਂ ਨੂੰ ਭੇਜਦਾ ਹੈ। ਇਸ ਸਕੀਮ ਦੇ ਡੀ.ਡੀ.ਓ. ਰਜਿਸਟਰਾਰ ਸਿਖਿਆ ਵਿਭਾਗ ਹਨ। ਇਹ ਸਕੀਮ ਨਾਨ ਪਲਾਨ ਹੈ।

### 2. ਦਿਹਾਤੀ ਇਲਾਕਿਆਂ ਦੇ ਪ੍ਰਤੀਭਾਸੀ ਵਿਦਿਆਰਥੀਆਂ ਨੂੰ ਵਜੀਫਾ

ਪੰਜਾਬ ਸਰਕਾਰ ਨੇ ਪੇਂਡੂ ਹੁਸਿਆਰ ਵਿਦਿਆਰਥੀਆਂ ਨੂੰ ਵਜੀਫਾ ਦੇਣ ਦੀ ਸਕੀਮ ਪਿਛਲੇ ਕਾਫੀ ਸਾਲਾਂ ਤੋਂ ਚਾਲੂ ਕੀਤੀ ਹੋਈ ਹੈ। ਇਸ ਸਕੀਮ ਅਧੀਨ ਉਹਨਾਂ ਵਿਦਿਆਰਥੀਆਂ ਨੂੰ 2●/-ਰੁਪਏ ਮਹੀਨੇ ਦੀ ਦਰ ਨਾਲ ਵਜੀਫਾ ਮਿਲਦਾ ਹੈ। ਜਿਹਨਾਂ ਦੇ ਮਾਪਿਆਂ ਦੀ ਸਾਲਾਨਾ ਆਮਦਨ 9●●●/-ਰੁਪਏ ਤੱਕ ਹੈ ।

ਕਲੇਮਾਂ ਦੀਆਂ ਮੰਜੂਰੀਆਂ ਡਾਇਰੈਕਟੋਰੇਟ ਜਾਰੀ ਕਰਦਾ ਹੈ ਅਤੇ ਮੰਜੂਰੀਆਂ ਦੇ ਅਧਾਰ ਤੇ ਸਰਕਾਰੀ ਖਜਾਨੇ ਵਿੱਚੋਂ ਪੈਸੇ ਡਰਾਅ ਕਰਕੇ ਬੈਂਕ ਡਰਾਫਟਾਂ ਦੇ ਰੂਪ ਵਿੱਚ ਰਕਮਾਂ ਜਿਲਾ ਸਿਖਿਆ ਅਫਸਰ (ਸੈ:ਸਿ:)

ਨੂੰ ਭੇਜੀਆਂ ਜਾਂਦੀਆਂ ਹਨ। ਇਸ ਸਕੀਮ ਦੇ ਡੀ.ਡੀ.ਓ. ਰਜਿਸਟਰਾਰ ਸਿਖਿਆ ਵਿਭਾਗ ਹਨ। ਇਹ ਸਕੀਮ ਨਾਨ ਪਲਾਨ ਹੈ।

3. **ਆਮ ਵਜੀਫਾ** :-

ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਪੜਦੇ ਵਿਦਿਆਰਥੀਆਂ ਨੂੰ 5ਵੀਂ ਅਤੇ 8ਵੀਂ ਦੀਆ ਪ੍ਰੀਖਿਆਵਾਂ ਦੇ ਆਧਾਰ ਤੇ ਜਿਲਾ ਲੈਵਲ ਦੇ ਮੈਰਿਟ ਬੇਸਿਕ ਤੇ 15/-ਰੁਪਏ ਪ੍ਰਤੀ ਮਹੀਨਾ ਦੀ ਦਰ ਨਾਲ ਵਜੀਫਾ ਦਿੱਤਾ ਜਾਂਦਾ ਹੈ। ਵਜੀਫਾ ਮੰਜੂਰੀਆਂ ਜਿਲਾ ਸਿਖਿਆ ਅਫਸਰ (ਸੈਃ ਸਿਃ) ਜਾਰੀ ਕਰਦੇ ਹਨ ਅਤੇ ਮੰਜੂਰੀਆਂ ਦੇ ਆਧਾਰ ਤੇ ਆਪ ਹੀ ਰਕਮਾਂ ਸਰਕਾਰੀ ਖਜਾਨਿਆਂ ਵਿੱਚੋਂ ਖਕਵਾਕੇ ਬੈਂਕ ਡਰਾਫਟਾਂ ਦੇ ਰੂਪ ਵਿੱਚ ਸਬੰਧਤ ਸਕੂਲ ਮੁਖੀਆਂ ਨੂੰ ਭੇਜਦੇ ਹਨ ਜੋ ਕਿ ਵਿਦਿਆਰਥੀਆਂ ਨੂੰ ਵੰਡਦੇ ਹਨ। ਹਿਹਨਾਂ ਵਜੀਫਿਆਂ ਲਈ ਕੋਈ ਆਮਦਨ ਹੱਦ ਨਹੀਂ ਹੈ ਅਤੇ ਨਾਂ ਹੀ ਕਿਸੇ ਜਾਤੀ ਆਦਿ ਦਾ ਸਬੰਧ ਹੈ। ਰਾਜ ਵਿੱਚ 5ਵੀਂ ਦੀ ਪ੍ਰੀਖਿਆ ਦੇ ਆਧਾਰ ਤੇ 568 ਵਜੀਫੇ ਅਤੇ 8ਵੀਂ ਦੀ ਪ੍ਰੀਖਿਆ ਦੇ ਆਧਾਰ ਤੇ 302 ਵਜੀਫੇ ਨਿਸਚਿਤ ਹਨ। ਇਸ ਸਕੀਮ ਦੇ ਡੀ.ਡੀ.ਓ. ਜਿਲਾ ਸਿਖਿਆ ਅਫਸਰ (ਸੈਃ ਸਿ) ਹਨ ਅਤੇ ਸਕੀਮ ਨਾਨ ਪਲਾਨ ਹੈ ।

4. **ਦੰਗਾ ਪੀੜਤ ਪਰਿਵਾਰਾਂ ਦੇ ਬੱਚਿਆਂ ਨੂੰ ਪੜਾਈ ਲਈ ਮਾਲੀ ਸਹਾਇਤਾ** :-

ਦੰਗਾ ਪੀੜਤ ਪਰਿਵਾਰਾਂ ਦੇ ਬੱਚਿਆਂ ਨੂੰ ਭਾਰਤ ਸਰਕਾਰ ਵੱਲੋਂ 1984 ਵਿੱਚ ਹੋਏ ਦੰਗਿਆਂ ਕਾਰਨ ਜੋ ਦੰਗਾਂ ਪੀੜਤਾਂ ਸਿੱਖ ਪਰਿਵਾਰ ਪੰਜਾਬ ਵਿੱਚ ਆ ਕੇ ਵੱਸੇ ਹਨ, ਉਹਨਾਂ ਦੇ ਬੱਚਿਆਂ ਨੂੰ ਪੜਾਈ ਜਾਰੀ ਰੱਖਣ ਲਈ ਪੰਜਾਬ ਸਰਕਾਰ ਨੇ ਮਾਲੀ ਸਹਾਇਤਾ ਦੇਣ ਲਈ ਇਹ ਸਕੀਮ ਚਾਲੂ ਕੀਤੀ ਹੋਈ ਹੈ ।

ਇਸ ਸਕੀਮ ਅਧੀਨ 6ਵੀਂ ਤੋਂ 8ਵੀਂ ਜਮਾਤ ਤੱਕ ਪੜਨ ਵਾਲੇ ਯੋਗ ਵਿਦਿਆਰਥੀਆਂ ਨੂੰ 50/-ਰੁਪਏ ਪ੍ਰਤੀ ਮਹੀਨਾ ਅਤੇ 9ਵੀਂ ਤੋਂ 12ਵੀਂ ਤੱਕ ਵਿਦਿਆਰਥੀਆਂ ਨੂੰ 100/-ਰੁਪਏ ਪ੍ਰਤੀ ਮਹੀਨਾ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ। ਕਿਸੇ ਪ੍ਰਕਾਰ ਦੀ ਕੋਈ ਆਮਦਨ ਹੱਦ ਨਹੀਂ ਹੈ।

ਕਲੇਮਾਂ ਦੀਆਂ ਮੰਜੂਰੀਆਂ ਡਾਇਰੈਕਟੋਰੇਟ ਤੋਂ ਜਾਰੀ ਹੁੰਦੀਆਂ ਹਨ ਅਤੇ ਰਕਮਾਂ ਵੀ ਡਾਇਰੈਕਟੋਰੇਟ ਹੀ ਖਜਾਨੇ ਵਿੱਚੋਂ ਕਢਵਾਕੇ ਤੇ ਬੈਂਕ ਡਰਾਫਟ ਬਣਾਕੇ ਜਿਲਾ ਸਿਖਿਆ ਅਫਸਰ (ਸੈਃ ਸਿ) ਨੂੰ ਭੇਜਦਾ ਹੈ। ਇਸ ਸਕੀਮ ਦਾ ਡੀ.ਡੀ.ਓ. ਰਜਿਸਟਰਾਰ ਸਿਖਿਆ ਵਿਭਾਗ ਹੈ। ਸਕੀਮ ਨਾਨ ਪਲਾਨ ਹੈ।

5. **ਆਰਥਿਕ ਤੌਰ ਤੇ ਪੱਛੜੇ ਪ੍ਰਤੀਭਾਸਾਈ ਵਿਦਿਆਰਥੀਆਂ ਨੂੰ ਵਜੀਫਾ ਦੇਣ ਦੀ ਸਕੀਮਃ-**

ਪੰਜਾਬ ਸਰਕਾਰ ਨੇ ਆਰਥਿਕ ਤੌਰ ਤੇ ਪੱਛੜੇ ਪੇਂਡੂ ਵਿਦਿਆਰਥੀਆ ਨੂੰ ਵਜੀਫਾ ਦੇਣ ਦੀ ਸਕੀਮ ਪਿਛਲੇ ਕਾਫੀ ਸਾਲਾਂ ਤੋਂ ਚਾਲੂ ਕੀਤੀ ਹੋਈ ਹੈ। ਇਸ ਸਕੀਮ ਅਧੀਨ ਉਹਨਾਂ ਵਿਦਿਆਰਥੀਆਂ ਨੂੰ 10/-ਰੁਪਏ ਮਹੀਨਾ ਦੀ ਦਰ ਨਾਲ ਵਜੀਫਾ ਮਿਲਦਾ ਹੈ, ਜਿਹਨਾਂ ਦੇ ਮਾਪਿਆਂ ਦੀ ਸਾਲਾਨਾ ਆਮਦਨ 6000/-ਰੁਪਏ ਤੱਕ ਹੈ।

ਕਲੇਮਾਂ ਦੀਆਂ ਮੰਜੂਰੀਆਂ ਡਾਇਰੈਕਟੋਰੇਟ ਜਾਰੀ ਕਰਦਾ ਹੈ ਅਤੇ ਮੰਜੂਰੀਆਂ ਦੇ ਅਧਾਰ ਤੇ ਸਰਕਾਰੀ ਖਜਾਨੇ ਵਿੱਚੋਂ ਪੈਸੇ ਡਰਾਅ ਕਰਕੇ ਬੈਂਕ ਡਰਾਫਟਾਂ ਦੇ ਰੂਪ ਵਿੱਚ ਜਿਲਾ ਸਿਖਿਆ ਅਫਸਰ (ਸੈਃ ਸਿਃ) ਨੂੰ ਭੇਜੀਆਂ ਜਾਂਦੀਆਂ ਹਨ। ਇਸ ਸਕੀਮ ਦਾ ਡੀ.ਡੀ.ਓ. ਰਜਿਸਟਰਾਰ ਸਿਖਿਆ ਵਿਭਾਗ ਹੈ। ਇਹ ਸਕੀਮ ਨਾਨ ਪਲਾਨ ਹੈ ।

# <u>ਪੋਸਟ ਮੈਟ੍ਰਿਕ ਟੂ ਸਕੀਮ ਓ.ਬੀ.ਸੀ. ਸਕੀਮ</u>

ਇਸ ਸਕੀਮ ਅਧੀਨ +1 ਅਤੇ +2 ਕਲਾਸ ਵਿੱਚ ਪੜਦੇ ਵਿਦਿਆਰਥੀਆਂ ਨੂੰ ਜਿੰਨਾਂ ਦੇ ਮਾਪਿਆਂ ਦੀ ਆਮਦਨ 445●●/-ਰੁਪਏ ਸਾਲਾਨਾ ਤੋਂ ਘੱਟ ਹੈ। ਉਹਨਾਂ ਵਿਦਿਆਰਥੀਆਂ ਨੂੰ ਹੇਠ ਲਿਖੇ ਅਨੁਸਾਰ ਵਜੀਫਾ ਦਿੱਤਾ ਜਾਦਾ ਹੈ ।

**ਰੇਟ**

15● ਰੁਪਏ ਪ੍ਰਤੀ ਮਹੀਨਾ ਫਾਰ ਹੋਸਟਲਰ (ਮੁੰਡੇ ਤੇ ਕੁੜੀਆਂ)

9● ਰੁਪਏ ਪ੍ਰਤੀ ਮਹੀਨਾ ਡੇ ਸਕਾਲਰ (ਉਕਤ)

ਭਲਾਈ ਵਿਭਾਗ ਵੱਲੋਂ ਪ੍ਰਾਪਤ ਹੋਈ ਰਾਸੀ ਨੂੰ ਸਮੂਹ ਜਿਲਾ ਸਿਖਿਆ ਅਫਸਰਾਂ ਵਿੱਚ ਵੰਡ ਦਿੱਤਾ ਜਾਂਦਾ ਹੈ। ਜਿਲਾ ਸਿਖਿਆ ਅਫਸਰ ਅੱਗੇ ਸਕੂਲ ਮੁੱਖਿਆਂ ਨੂੰ ਵਜੀਫੇ ਭੇਜਦੇ ਹਨ।

**ਪ੍ਰੀ-ਮੈਟ੍ਰਿਕ ਟੂ ਓ.ਬੀ.ਸੀ. ਸਕੀਮ**

ਇਸ ਸਕੀਮ ਅਧੀਨ ਛੇਵੀਂ ਤੋਂ ਅੱਠਵੀਂ ਅਤੇ ਨੌਂਵੀਂ ਤੋਂ ਦੱਸਵੀਂ ਕਲਾਸ ਵਿੱਚ ਪੜ ਰਹੇ ਵਿਦਿਆਰਥੀਆਂ ਨੂੰ ਵਜੀਫੇ ਦਿੱਤੇ ਜਾਂਦੇ ਹਨ। ਇਹ ਵਜੀਫੇ ਉਹਨਾਂ ਵਿਦਿਆਰਥੀਆਂ ਨੂੰ ਦਿੱਤੇ ਜਾਂਦੇ ਹਨ। ਜਿਹਨਾਂ ਦੇ ਮਾਪਿਆਂ ਦੀ ਸਲਾਨਾ ਆਮਦਨ 44,5●●/-ਰੁਪਏ ਤੋਂ ਘੱਟ ਹੈ।

ਵਿਦਿਆਰਥੀਆਂ ਨੂੰ ਹੇਠ ਲਿਖੇ ਅਨੁਸਾਰ ਵਜੀਫੇ ਦਿੱਤੇ ਜਾਂਦੇ ਹਨः-

| | |
|---|---|
| ਛੇਵੀਂ ਤੋਂ ਅੱਠਵੀਂ ਕਲਾਸ | 4●/-ਰੁਪਏ ਪ੍ਰਤੀ ਮਹੀਨਾ |
| ਨੌਂਵੀਂ ਤੋਂ ਦੱਸਵੀਂ ਕਲਾਸ | 5●/-ਰੁਪਏ ਪ੍ਰਤੀ ਮਹੀਨਾ |

ਇਸ ਤੋਂ ਇਲਾਵਾ 5●●/-ਰੁਪਏ ਪ੍ਰਤੀ ਵਿਦਿਆਰਥੀ ਸਲਾਨਾ ਐਡਹਾਕ ਗਰਾਂਟ ਵੀ ਦਿੱਤੀ ਜਾਂਦੀ ਹੈ।

ਇਹ ਰਾਸੀ ਭਲਾਈ ਵਿਭਾਗ ਵੱਲੋਂ ਪ੍ਰਾਪਤ ਹੋਈ ਰਾਸੀ ਸਮੂਹ ਜਿਲਾ ਸਿਖਿਆ ਅਫਸਰਾਂ ਵਿੱਚ ਵੰਡ ਦਿੱਤੀ ਜਾਂਦੀ ਹੈ ਅਤੇ ਅੱਗੋਂ ਜਿਲਾ ਸਿਖਿਆ ਅਫਸਰ ਸਕੂਲਾਂ ਦੇ ਮੁੱਖੀਆਂ ਨੂੰ ਵਜੀਫੇ ਭੇਜ ਦਿੰਦੇ ਹਨ ।